## ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।

ਵੱਲ

ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)
ਸਰਕਾਰੀ ਮਿਡਲ/ਹਾਈ/ਸ.ਸੈਕੰਡਰੀ ਸਕੂਲ
ਪੰਜਾਬ।

ਮੀਮੋ ਨੰ: 2010/**ਐਸ.ਐਸ.ਏ./ਏ.ਐਸ.ਪੀ.ਡੀ.(ਅੰਗ੍ਰੇਜ਼ੀ)**/073120
ਮਿਤੀ ਚੰਡੀਗੜ੍ਹ 1-12-10

**ਵਿਸ਼ਾ: ਸੁਚਿੱਤਰ ਸ਼ਬਦ ਕੋਸ਼ ਦੀ ਵਰਤੋਂ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਵੱਲੋਂ ਸਮੂਹ ਜਿਲ੍ਹਿਆਂ ਦੇ ਮਿਡਲ/ਹਾਈ/ਸੈਕੰਡਰੀ ਸਕੂਲਾਂ ਵਿੱਚ ਸੁਚਿੱਤਰ ਸ਼ਬਦ ਕੋਸ਼ ਮੁਹੱਈਆਂ ਕਰਵਾਏ ਜਾ ਚੁੱਕੇ ਹਨ ਪਰ ਨਿਰੀਖਣ ਦੌਰਾਨ ਧਿਆਨ ਹਿੱਤ ਆਇਆ ਹੈ ਕਿ ਇਹਨਾਂ ਸੁਚਿੱਤਰ ਸ਼ਬਦ ਕੋਸ਼ ਦੀ ਅੰਗ੍ਰੇਜ਼ੀ/ਸ.ਸ. ਮਾਸਟਰ /ਮਿਸਟ੍ਰੈਸ ਵੱਲੋਂ ਸਹੀ ਵਰਤੋਂ ਨਹੀਂ ਕੀਤੀ ਜਾ ਰਹੀ ਹੈ। ਮੁੱਖ ਦਫ਼ਤਰ ਵੱਲੋਂ ਇਸ ਨੂੰ ਬਹੁਤ ਗੰਭੀਰਤਾ ਨਾਲ ਲਿਆ ਗਿਆ ਹੈ।

2.0 ਅਧਿਅਪਕ ਵੱਲੋਂ ਸੁਚਿੱਤਰ ਸ਼ਬਦ ਕੋਸ਼ ਦੀ ਸਹੀ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ।

- ਸੁਚਿੱਤਰ ਸ਼ਬਦ ਕੋਸ਼ ਵਿੱਚ ਲਗਭਗ 850 ਸ਼ਬਦ ਹਨ। ਅੰਗ੍ਰੇਜ਼ੀ / ਸ.ਸ. ਅਧਿਆਪਕ ਵੱਲੋਂ ਸਵੇਰ ਦੀ ਸਭਾ ਦੌਰਾਨ ਪੰਜ ਸ਼ਬਦਾ ਦੇ ਅਰਥ ਸਪਸ਼ਟ ਕੀਤੇ ਜਾਣਗੇ। ਧਿਆਨ ਹਿੱਤ ਰਹੇ ਕਿ ਹਰ ਮਿੱਥੇ ਦਿਨ ਪ੍ਰਤੀ Alphabet ਪੰਜ ਸ਼ਬਦ ਕਰਵਾਏ ਜਾਣ, ਉਦਾਹਰਨ ਵੱਜੋਂ ਸੋਮਵਾਰ Alphabet 'A' ਦੇ, ਬੁੱਧਵਾਰ Alphabet 'B' ਦੇ ਅਤੇ ਸ਼ੁੱਕਰਵਾਰ Alphabet 'C' ਦੇ ਅਤੇ ਅਗਲੇ ਹਫਤਿਆਂ ਵਿੱਚ ਲੜ੍ਹੀਵਾਰ ਬਾਕੀ Alphabets ਦੇ ਸ਼ਬਦ ਕਰਵਾਏ ਜਾਣ। ਵਿਦਿਆਰਥੀਆਂ ਵੱਲੋਂ ਸਵੇਰ ਦੀ ਸਭਾ ਵਿੱਚ ਹੀ ਇਹਨਾਂ ਸ਼ਬਦਾ ਦੀ ਵਾਰ-ਵਾਰ ਦੋਹਰਾਈ ਕੀਤੀ ਜਾਵੇ। ਇਹ ਪ੍ਰੀਕ੍ਰਿਆਂ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਕਰਵਾਈ ਜਾਵੇ ਕਿਉਂ ਜੋ ਬਾਕੀ ਦਿਨ ਗਣਿਤ ਵਿਸ਼ੇ ਦੇ ਪਹਾੜਿਆ ਦੀ ਦੁਹਰਾਈ ਲਈ ਮਿੱਥੇ ਗਏ ਹਨ।
- ਸਵੇਰ ਦੀ ਸਭਾ ਵਿੱਚ ਦੁਹਰਾਏ ਪੰਜ ਸ਼ਬਦਾ ਨੂੰ ਅਰਥਾ ਸਮੇਤ ਰੰਗੀਨ ਚਾਕ ਨਾਲ ਬਲੈਕ ਬੋਰਡ ਤੇ ਲਿਖ ਕੇ ਕਿਸੇ ਅਜਿਹੀ ਥਾਂ ਤੇ ਰੱਖਿਆ ਜਾਵੇ ਜਿੱਥੇ ਵਿਦਿਆਰਥੀ ਸਾਰਾ ਦਿਨ ਲੰਘਦੇ ਹੋਏ ਉਸਨੂੰ ਵੇਖ ਸਕਣ।

- ਹਫਤੇ ਵਿੱਚ ਕਰਵਾਏ ਸਾਰੇ ਸ਼ਬਦਾ (ਕੁੱਲ 15) ਦਾ ਜੁਬਾਨੀ ਟੈਸਟ ਹਰ ਸ਼ਨੀਵਾਰ ਸਵੇਰ ਦੀ ਸਭਾ ਵਿੱਚ ਹੀ ਲਿਆ ਜਾਵੇ।
- ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਹਿੱਤ ਸਕੂਲ ਮੁਖੀ/ਅਧਿਆਪਕ ਵੱਲੋਂ ਇਨਾਮ ਵੀ ਦਿੱਤੇ ਜਾ ਸਕਦੇ ਹਨ।
- ਫਰਵਰੀ ਮਹੀਨੇ ਵਿੱਚ ਸੁਚਿੱਤਰ ਸ਼ਬਦ ਕੋਸ਼ ਸਬੰਧੀ ਜਿਲ੍ਹਾ ਪੱਧਰ ਤੇ ਅਤੇ ਮਾਰਚ ਮਹੀਨੇ ਵਿੱਚ ਰਾਜ ਪੱਧਰ ਤੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਜਾਣ।

3.0 ਸਕੂਲ ਵਿੱਚ ਸੁਚਿੱਤਰ ਸ਼ਬਦ ਕੋਸ਼ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਜਿਲ੍ਹੇ ਦੇ ਈ.ਪੀ.ਡੀ.ਸੀ./ਈ.ਐਮ.ਟੀ. ਨੂੰ ਸੂਚਿਤ ਕਰਨਾ ਸਕੂਲ ਮੁੱਖੀ ਦੀ ਨਿੱਜੀ ਜਿਮ੍ਹੇਵਾਰੀ ਹੋਵੇਗੀ।

4.0 ਹੁਕਮਾਂ ਦੀ ਇਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ: 2010/**ਐਸ.ਐਸ.ਏ./ਏ.ਐਸ.ਪੀ.ਡੀ.(ਅੰਗ੍ਰੇਜ਼ੀ)**/073121 **ਮਿਤੀ ਚੰਡੀਗੜ੍ਹ** 1-12-10

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਦਫ਼ਤਰ ਦੀ ਵੈਬ ਸਾਈਟ ਰਾਹੀਂ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2. ਸਮੂਹ ਜਿਲ੍ਹਾ ਅੰਗ੍ਰੇਜ਼ੀ ਪ੍ਰੋਜੈਕਟ ਕੋਆਰਡੀਨੇਟਰ ਅਤੇ ਸਮੂਹ ਅੰਗ੍ਰੇਜ਼ੀ ਮਾਸਟਰ ਟ੍ਰੇਨਰਜ਼।
3. ਡੀ.ਐਮ.(ਐਮ.ਆਈ.ਐਸ.) ਐਸ.ਐਸ.ਏ. ਪੰਜਾਬ ਨੂੰ ਵੈਬਸਾਈਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**